**989/ML/u-28**

**Punjabi Compulsory(Elementery Punjabi)**
**(For Foreign students only) –B**
**Semester-II**

**Time Allowed : 03 Hours** **M.M : 50**

## Section-A

**AI**

1) ਪੰਜ ਸਧਾਰਨ ਵਾਕ ਲਿਖੋ।
ਜਾਂ
ਪੰਜ ਸੰਯੁਕਤ ਵਾਕ ਲਿਖੋ।
2) ਪੰਜ ਨਾਂਹ-ਵਾਚਕ ਵਾਕ ਲਿਖੋ।
ਜਾਂ
ਪੰਜ ਬਿਆਨੀਆ ਵਾਕ ਲਿਖੋ।
3) ਪੰਜ ਪ੍ਰਸ਼ਨ-ਸੂਚਕ ਵਾਕ ਲਿਖੋ।
ਜਾਂ
ਪੰਜ ਵਿਸਮਿਕ ਵਾਕ ਲਿਖੋ। 5x3=15

AII

4) ਰਿਸ਼ਤਾ ਨਾਤਾ ਪ੍ਰਬੰਧ ਦੇ ਪੰਜ ਸ਼ਬਦ ਲਿਖੋ।
ਜਾਂ
ਘਰੇਲੂ ਵਸਤਾਂ ਦੇ ਪੰਜ ਸ਼ਬਦ ਲਿਖੋ।
5) ਪੰਜ ਜਾਤਾਂ ਦੇ ਨਾਂ ਲਿਖੋ।
ਜਾਂ
ਪੰਜ ਕਿੱਤਿਆਂ ਨਾਲ ਸਬੰਧਿਤ ਸ਼ਬਦ ਲਿਖੋ।
6) ਪੰਜ ਫ਼ਸਲਾਂ ਦੇ ਨਾਂ ਲਿਖੋ।
ਜਾਂ
ਪੰਜ ਆਵਾਜਾਈ ਦੇ ਸਾਧਨਾਂ ਦੇ ਨਾਂ ਲਿਖੋ। 5x3=15

## Section-B

**BI**

**7)** ਹੇਠ ਲਿਖੇ ਸ਼ਬਦਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰੋ :
Folksong, Technology, Environment, Cyclone, Occupation
ਜਾਂ
ਹੇਠ ਲਿਖੇ ਸ਼ਬਦਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰੋ :
ਵਿਦਵਾਨ, ਪਰਮਾਤਮਾ, ਹਵਾਈ-ਜਹਾਜ਼, ਸਰਵੇਖਣ, ਲੋਕ ਖੇਡਾਂ
8) ਹੇਠ ਲਿਖੇ ਸ਼ਬਦਾਂ ਨੂੰ ਗੁਰਮੁਖੀ ਵਿੱਚ ਲਿਖੋ :
Mobile, Computer, Roman, Television, Degree
ਜਾਂ
ਹੇਠ ਲਿਖੇ ਸ਼ਬਦਾਂ ਨੂੰ ਰੋਮਨ ਵਿੱਚ ਲਿਖੋ :
ਹੋਟਲ, ਯੂਨੀਵਰਸਿਟੀ, ਲਾਇਬਰੇਰੀ, ਟਰੈਕਟਰ, ਕਿਤਾਬ 5X2=10

~~5x2=10~~

BII

9) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

ਪਟਿਆਲਾ ਸ਼ਹਿਰ ਰਾਜਿਆਂ, ਮਹਾਰਾਜਿਆਂ ਦਾ ਸ਼ਹਿਰ ਹੈ। ਇਸ ਨੂੰ ਬਾਗਾਂ ਅਤੇ ਇਤਿਹਾਸਕ ਇਮਾਰਤਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ। ਇੱਥੋਂ ਦਾ ਬਾਰਾਂਦਰੀ ਬਾਗ ਬਹੁਤ ਮਸ਼ਹੂਰ ਹੈ। ਇਸ ਦੇ ਬਾਰਾਂ ਦਰਵਾਜ਼ੇ ਹਨ। ਇੱਥੇ ਭਾਰਤ ਦਾ ਪ੍ਰਸਿੱਧ ਰਾਸ਼ਟਰੀ ਖੇਡ ਸੰਸਥਾਨ ਹੈ। ਜਿੱਥੋਂ ਭਾਰਤ ਦੇ ਖਿਡਾਰੀ ਸਿਖਲਾਈ ਲੈ ਕੇ ਜਾਂਦੇ ਹਨ। ਇੱਥੇ ਬਹੁਤ ਪ੍ਰਸਿੱਧ ਇਤਿਹਾਸਕ ਗੁਰਦੁਆਰਾ ਹੈ ਜਿਸ ਨੂੰ ਦੁਖ ਨਿਵਾਰਨ ਗੁਰਦੁਆਰੇ ਵੱਜੋਂ ਜਾਣਿਆ ਜਾਂਦਾ ਹੈ। ਇੱਥੇ ਇੱਕ ਪ੍ਰਸਿੱਧ ਮੰਦਰ ਹੈ ਜਿਸ ਨੂੰ ਕਾਲੀ ਦੇਵੀ ਦਾ ਮੰਦਰ ਕਿਹਾ ਜਾਂਦਾ ਹੈ।

1) ਪਟਿਆਲਾ ਸ਼ਹਿਰ ਕਿੰਨ੍ਹਾਂ ਦਾ ਸ਼ਹਿਰ ਹੈ?
2) ਮਸ਼ਹੂਰ ਬਾਗ ਦਾ ਕੀ ਨਾਂ ਹੈ?
3) ਇੱਥੇ ਕਿਹੜਾ ਪ੍ਰਸਿੱਧ ਸੰਸਥਾਨ ਹੈ?
4) ਗੁਰਦੁਆਰੇ ਦਾ ਕੀ ਨਾਂ ਹੈ?
5) ਮੰਦਰ ਦਾ ਕੀ ਨਾਂ ਹੈ?

10